**CLASS : 10th (Secondary)** **Code No. 2709**

**Series : Sec. M/16**

*ਰੋਲ ਨੰ.* | | | | | | | | | | |

# ਪੰਜਾਬੀ

## PUNJABI

*(Academic)*

**1st Semester**

(Only for Re-appear Candidates)

**(Morning Session)**

*ਸਮਾਂ : **2½** ਘੰਟੇ ]* *[ ਕੁਲ ਅੰਕ : **80***

- *ਕ੍ਰਿਪਆ ਜਾਂਚ ਕਰ ਲਓ ਕਿ ਇਸ ਪ੍ਰਸਨ-ਪੱਤਰ ਵਿੱਚ ਛੱਪੇ ਪੰਨਿਆ ਦੀ ਸੰਖ਼ਿਆ **4** ਅਤੇ ਪ੍ਰਸ਼ਨ **10** ਹਨ।*
- *ਪ੍ਰਸ਼ਨ-ਪੱਤਰ ਵਿੱਚ ਸੱਜੇ ਪਾਸੇ ਦਿੱਤੇ ਹੋਏ **ਕੋਡ ਨੰ.** ਨੂੰ ਵਿਦਿਆਰਥੀ ਉੱਤਰ-ਪੁਸਤਿਕਾ ਦੇ ਮੁੱਖ਼ ਪੰਨੇ ਤੇ ਲਿਖ਼ਨ।*
- *ਕ੍ਰਿਪਆ ਪ੍ਰਸ਼ਨ ਦਾ ਉੱਤਰ ਲਿਖ਼ਣਾ ਸ਼ੁਰੂ ਕਰਨ ਤੋਂ ਪਹਿਲਾਂ ਪ੍ਰਸ਼ਨ ਦਾ ਕ੍ਰਮਾਂਕ ਜਰੂਰ ਲਿਖ਼ੋ।*
- *ਆਪਣੀ ਉੱਤਰ-ਪੁਸਤਿਕਾ ਵਿੱਚ ਖ਼ਾਲੀ ਪੰਨਾ/ਪੰਨੇ ਨਾ ਛੱਡੋ।*
- *ਉੱਤਰ-ਪੁਸਤਿਕਾ ਦੇ ਇਲਾਵਾ ਕੋਈ ਹੋਰ ਸ਼ੀਟ ਨਹੀਂ ਮਿਲੇਗੀ। ਇਸ ਲਈ ਢੁਕਵੇਂ ਹੀ ਲਿਖ਼ੋ ਅਤੇ ਲਿਖ਼ਿਆ ਉੱਤਰ ਨਾ ਕੱਟੋ।*
- *ਪ੍ਰੀਖਿਆਰਥੀ ਆਪਣਾ ਰੋਲ ਨੰ. ਪ੍ਰਸ਼ਨ-ਪੱਤਰ ਤੇ ਜ਼ਰੂਰ ਲਿਖਣ।*
- *ਕ੍ਰਿਪਆ ਪ੍ਰਸ਼ਨਾਂ ਦਾ ਉੱਤਰ ਦੇਣ ਤੋਂ ਪਹਿਲਾਂ ਇਹ ਵੇਖ ਲੋ ਕਿ ਪ੍ਰਸ਼ਨ-ਪੱਤਰ ਪੂਰਾ ਅਤੇ ਠੀਕ ਹੈ। **ਪਰੀਖਿਆ ਦੇ ਬਾਅਦ ਇਸ ਸੰਬੰਧ ਵਿਚ ਕੋਈ ਵੀ ਦਾਅਵਾ ਨਹੀਂ ਮੰਨਿਆ ਜਾਏਗਾ।***



Downloaded from cclchapter.com

*ਨੋਟ : ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ।*

**ਭਾਗ – (ੳ)**

**1.** (ੳ) ਮੂਲ ਸ਼ਬਦ ਕਿਹੜੇ ਹੁੰਦੇ ਹਨ? 2

(ਅ) 'ਬੇਅੰਤ' ਸ਼ਬਦ ਦਾ ਅਗੇਤਰ ਵੱਖ ਕਰਕੇ ਲਿਖੋ। 1

(ੲ) 'ਕਾਰੀ' ਪਛੇਤਰ ਵਾਲਾ ਇਕ ਸ਼ਬਦ ਲਿਖੋ। 1

(ਸ) ਸਮਾਜ ਸੰਬੰਧ ਸ਼ਾਸਤਰ ਦਾ ਸਮਾਸੀ ਸ਼ਬਦ ਬਣਾਓ। 1

(ਹ) 'ਖੁਸ਼' ਅਗੇਤਰ ਵਾਲਾ ਸ਼ਬਦ ਬਣਾਓ। 1

**2.** (ੳ) ਪੜਨਾਂਵ ਕਿਸਨੂੰ ਕਿਹਾ ਜਾਂਦਾ ਹੈ ਇਸ ਦੀਆਂ ਕਿੰਨੀਆਂ ਕਿਸਮਾਂ ਹਨ? 2

(ਅ) ਖਾਸ ਨਾਂਵ ਕਿਸਨੂੰ ਕਿਹਾ ਜਾਂਦਾ ਹੈ? 1

(ੲ) ਟੀਮ, ਕਮੇਟੀ ਆਦਿ ਸ਼ਬਦ ਕਿਸ ਨਾਂਵ ਦੇ ਉਦਾਹਰਣ ਹਨ? 1

(ਸ) ਸੁਨੀਤਾ ਕਿਤਾਬ ਪੜ੍ਹਦੀ ਹੈ। (ਨਾਂਵ ਦੀ ਪਦਵੰਡ ਕਰੋ) 1

(ਰ) ਅਸੀਂ ਤੁਹਾਡੇ ਧੰਨਵਾਦੀ ਹਾਂ। (ਪੜਨਾਂਵ ਦੀ ਪਦਵੰਡ ਕਰੋ) 1

**3.** (ੳ) ਹੇਠ ਲਿਖੇ ਸ਼ਬਦਾਂ ਨੂੰ ਸ਼ੁੱਧ ਕਰਕੇ ਲਿਖੋ :

(i) ਪਤਿ 1

(ii) ਕੰਗਾ 1

(iii) ਮਾਯਾ 1

(ਅ) ਹੇਠ ਲਿਖੇ ਵਾਕਾਂ ਨੂੰ ਸ਼ੁਧ ਕਰਕੇ ਲਿਖੋ :

(i) ਸਕੂਲ ਨੂੰ ਛੁੱਟੀ ਕਦੋਂ ਹੁੰਦੀ ਹੈ? 1

(ii) ਮੁੰਡਾ ਖੇਡਦਾ ਹੈ ਗੇਂਦ ਨਾਲ। 1

(iii) ਬਹੁਤ ਤੇਜ ਮੈ ਤੁਰ ਰਿਹਾ ਹਾਂ। 1

**4.** (ੳ) ਹੇਠ ਲਿਖੇ ਵਾਕ ਨੂੰ ਵਿਸ਼ਰਾਮ ਚਿੰਨ੍ਹ ਲਾ ਕੇ ਲਿਖੋ :

ਰਾਮ ਨੇ ਸ਼ਾਮ ਨੂੰ ਕਿਹਾ ਕਾਸ਼ ਮੈਂ ਅਮੀਰ ਹੁੰਦਾ 3

(ਅ) ਕਿਰਿਆ ਕਿਸਨੂੰ ਕਹਿੰਦੇ ਹਨ ਇਸ ਦੀਆਂ ਕਿੰਨੀਆਂ ਕਿਸਮਾਂ ਹਨ। 3



Downloaded from cclchapter.com

**5.** ਹੇਠ ਲਿਖੇ ਮੁਹਾਵਰੇ ਅਤੇ ਅਖਾਣਾਂ ਵਿਚੋਂ ਕਿਸੇ ***ਚਾਰ*** ਨੂੰ ਆਪਣੇ ਵਾਕਾਂ ਵਿੱਚ ਵਰਤ ਕੇ ਅਰਥ ਸਪਸ਼ਟ ਕਰੋ : $2 \times 4 = 8$

(i) ਚਾਂਦੀ ਦੀ ਜੁੱਤੀ ਮਾਰਨੀ

(ii) ਦਿਨ ਰਾਤ ਇਕ ਕਰਨਾ

(iii) ਉਂਗਲ ਕਰਨੀ

(iv) ਉਲਟਾ ਚੋਰ ਕੋਤਵਾਲ ਨੂੰ ਡਾਂਟੇ

(v) ਘਰ ਦੀ ਮੁਰਗੀ ਦਾਲ ਬਰਾਬਰ

(vi) ਸੱਦੀ ਨਾ ਬੁਲਾਈ ਮੈ ਲਾੜੇ ਦੀ ਤਾਈ

**ਭਾਗ – (ਅ)**

**6.** (ੳ) ਹੇਠ ਲਿਖੇ ਕਾਵਿ-ਟੋਟਿਆਂ ਵਿੱਚੋਂ ਕਿਸੇ ***ਇੱਕ*** ਦੀ ਪ੍ਰਸੰਗ ਸਹਿਤ ਵਿਆਖਿਆ ਕਰੋ : 3

(i) ਚੰਦਨ ਰੱਖ ਲਗਾ ਵਿਚ ਵੇਹੜੇ ਜੇਰ ਪਿੰਡਾਣੇ ਖਹੀਏ ਵੋ।
ਕਹੈ ਹੁਸੈਨ ਫਕੀਰ ਸਾਈ ਦਾ ਜੀਵੰਦਿਆਂ ਮਰ ਰਹੀਏ ਵੋ।

(ii) ਜੋ ਬਦੇਸਾਂ ਵਿਚ ਰੁਲਦੇ ਨੇ ਰੋਜੀ ਲਈ
ਉਹ ਜਦੋਂ ਦੇਸ਼ ਪਰਤਣਗੇ ਕਦੀ।
ਕੁਛ ਤਾਂ ਸੇਕਣਗੇ ਮਾਂ ਦੇ ਸਿਵੇ ਦੀ ਅਗਨ
ਬਾਕੀ ਕਬਰਾਂ ਦੇ ਰੁੱਖ ਹੇਠ ਜਾ ਬਹਿਣਗੇ।

(ਅ) 'ਕਿਰਪਾ ਕਰਕੇ ਬਖਸ਼ਿ ਲੇਹੁ' ਸੁਲੇਕ ਦਾ ਕੀ ਭਾਵ ਹੈ? 2

(ੲ) ਗੁਰੂ ਅਰਜਨ ਦੇਵ ਜੀ ਦੇ ਮਨ ਦੀ ਲੋਚਾ ਕੀ ਹੈ? 2

(ਸ) ਪੂਰਨ ਸਿੰਘ ਅਨੁਸਾਰ ਪੰਜਾਬ ਕਿਸਦੇ ਨਾਂ ਤੇ ਜੀਊਂਦਾ ਹੈ? 1

(ਹ) ਡਾ੦ ਹਰਿਭਜਨ ਸਿੰਘ ਦੀ ਕਵਿਤਾ ਦਾ ਨਾਂ ਲਿਖੋ। 1

(ਕ) ਹੇਠ ਲਿਖੀਆਂ ਕਵਿਤਾਵਾਂ ਵਿੱਚੋਂ ਕਿਸੇ ਇੱਕ ਕਵਿਤਾ ਦਾ ਸਾਰ ਲਿਖੋ :

(i) ਤੂ ਠਾਕੁਰ

(ii) ਕਿਥੇ ਗਈਆਂ ਭੈਣਾਂ।

(iii) ਖਾਕੂ ਵਿੱਚ ਸਮਾਵਣਾ 5



Downloaded from cclchapter.com

**7.** (ੳ) ਬਾਬਿਆਂ ਦੀ ਭੈਣ ਦੇ ਸ਼ਰੀਰਕ ਬਲ ਦੀ ਘਟਨਾ ਆਪਣੇ ਸ਼ਬਦਾਂ ਵਿਚ ਲਿਖੋ? 3

(ਅ) 'ਕੂਕਾ ਲਹਿਰ' ਬਾਰੇ ਸੰਖੇਪ ਜਾਣਕਾਰੀ ਦਿਓ? 3

(ੲ) ਪ੍ਰਾਰਥਨਾ ਕਦੋ-ਕਦੋ ਕੀਤੀ ਜਾਂਦੀ ਹੈ? 2

(ਸ) ਖਾਲਸਾ ਟ੍ਰੈਕਟ ਸੁਸਾਇਦੀ ਦੇ ਪਹਿਲੇ ਟ੍ਰੈਕਟ ਦਾ ਨਾਂ ਕੀ ਸੀ ਅਤੇ ਉਸਦਾ ਲੇਖਕ ਕੌਣ ਸੀ? 2

**8.** (ੳ) 'ਉਹ ਸੋਚਦੀ' ਕਹਾਣੀ ਦਾ ਸਾਰ ਲਿਖੋ। 5

(ਅ) ਸਾਕਾ ਕੀ ਹੁੰਦਾ ਹੈ? 2

(ੲ) 'ਕਰਾਮਾਤ' ਕਹਾਣੀ ਵਿਚ ਕਿਸ ਗੁਰੂ ਦੀ ਗੱਲ ਕੀਤੀ ਗਈ ਹੈ? 1

**9.** (ੳ) 'ਦੁਸ਼ਮਣ' ਇਕਾਂਗੀ ਦਾ ਵਿਸ਼ਾ-ਵਸਤੂ ਲਿਖੋ। 5

(ਅ) ਬਿਮਲਾਂ ਕੀ ਉਲਾਂਭਾ ਲੈ ਕੇ ਆਈ ਸੀ? 2

(ੲ) 'ਦੁਸ਼ਮਣ' ਇਕਾਂਗੀ ਵਿਚ ਕਿਸ ਉੱਤੇ ਵਿਅੰਗ ਕੀਤਾ ਗਿਆ ਹੈ? 1

**10.** (ੳ) ਟਾਲਸਟਾਏ ਦਾ ਜਨਮ ਕਦੋਂ ਅਤੇ ਕਿਥੇ ਹੋਇਆ ਅਤੇ ਉਸਦਾ ਪਾਲਣ-ਪੋਸ਼ਣ ਕਿਸ ਨੇ ਕੀਤਾ? 3

(ਅ) ਡਾ੦ ਰਾਧਾਕ੍ਰਿਸ਼ਨਨ ਕੌਣ ਸਨ? 2

(ੲ) ਡਾ੦ ਰਾਧਾਕ੍ਰਿਸ਼ਨਨ ਨੂੰ ਭਾਰਤ ਰਤਨ ਦਾ ਸਨਮਾਨ ਕਦੋਂ ਮਿਲਿਆ? 2

(ਸ) ਟਾਲਸਟਾਏ ਦੀ ਪਤਨੀ ਦਾ ਕੀ ਨਾਂ ਸੀ? 1



Downloaded from cclchapter.com

**CLASS : 10th (Secondary)** **Code No. 2809**

**Series : Sec. M/2016**

*ਰੋਲ ਨੰ.* | | | | | | | | | | |

# ਪੰਜਾਬੀ

## PUNJABI

*(Academic)*

2nd Semester

(Only for Fresh/Re-appear Candidates)

**(Morning Session)**

*ਸਮਾਂ : **2½** ਘੰਟੇ ]* *[ ਕੁਲ ਅੰਕ : **80***

- *ਕ੍ਰਿਪਆ ਜਾਂਚ ਕਰ ਲਓ ਕਿ ਇਸ ਪ੍ਰਸਨ-ਪੱਤਰ ਵਿੱਚ ਛੱਪੇ ਪੰਨਿਆ ਦੀ ਸੰਖਿਆ **7** ਅਤੇ ਪ੍ਰਸ਼ਨ **10** ਹਨ।*
- *ਪ੍ਰਸ਼ਨ-ਪੱਤਰ ਵਿੱਚ ਸੱਜੇ ਪਾਸੇ ਦਿੱਤੇ ਹੋਏ **ਕੋਡ ਨੰ.** ਨੂੰ ਵਿਦਿਆਰਥੀ ਉੱਤਰ-ਪੁਸਤਿਕਾ ਦੇ ਮੁੱਖ ਪੰਨੇ ਤੇ ਲਿਖ਼ਨ।*
- *ਕ੍ਰਿਪਆ ਪ੍ਰਸ਼ਨ ਦਾ ਉੱਤਰ ਲਿਖ਼ਣਾ ਸ਼ੁਰੂ ਕਰਨ ਤੋਂ ਪਹਿਲਾਂ ਪ੍ਰਸ਼ਨ ਦਾ ਕ੍ਰਮਾਂਕ ਜਰੂਰ ਲਿਖ਼ੋ।*
- *ਆਪਣੀ ਉੱਤਰ-ਪੁਸਤਿਕਾ ਵਿੱਚ ਖ਼ਾਲੀ ਪੰਨਾ/ਪੰਨੇ ਨਾ ਛੱਡੋ।*
- *ਉੱਤਰ-ਪੁਸਤਿਕਾ ਦੇ ਇਲਾਵਾ ਕੋਈ ਹੋਰ ਸ਼ੀਟ ਨਹੀਂ ਮਿਲੇਗੀ। ਇਸ ਲਈ ਢੁਕਵੇਂ ਹੀ ਲਿਖ਼ੋ ਅਤੇ ਲਿਖ਼ਿਆ ਉੱਤਰ ਨਾ ਕੱਟੋ।*
- *ਪ੍ਰੀਖਿਆਰਥੀ ਆਪਣਾ ਰੋਲ ਨੰ. ਪ੍ਰਸ਼ਨ-ਪੱਤਰ ਤੇ ਜ਼ਰੂਰ ਲਿਖਣ।*



Downloaded from cclchapter.com

- *ਕ੍ਰਿਪਆ ਪ੍ਰਸ਼ਨਾਂ ਦਾ ਉੱਤਰ ਦੇਣ ਤੋਂ ਪਹਿਲਾਂ ਇਹ ਵੇਖ ਲੋ ਕਿ ਪ੍ਰਸ਼ਨ-ਪੱਤਰ ਪੂਰਾ ਅਤੇ ਠੀਕ ਹੈ। **ਪਰੀਖਿਆ ਦੇ ਬਾਅਦ ਇਸ ਸੰਬੰਧ ਵਿਚ ਕੋਈ ਵੀ ਦਾਅਵਾ ਨਹੀਂ ਮੰਨਿਆ ਜਾਏਗਾ।***

---

***ਨੋਟ : ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ।***

**ਭਾਗ – (ੳ)**

**1.** ਹੇਠ ਲਿਖੇ ਵਾਕਾਂ ਦੀ ਵਾਕ-ਵੰਡ ਕਰੋ : $1 \times 4 = 4$

(ੳ) ਰਾਮ ਸਕੂਲ ਜਾਂਦਾ ਹੈ।

(ਅ) ਇਕਨੂਰ ਚਿਠੀ ਲਿਖਦਾ ਹੈ।

(ੲ) ਮੋਹਨ ਖੇਤੀ ਕਰ ਰਿਹਾ ਹੈ।

(ਸ) ਬੱਚਾ ਉੱਚੀ ਉੱਚੀ ਰੋ ਰਿਹਾ ਹੈ।

**2.** ਹੇਠ ਲਿਖੇ ਵਾਕਾਂ ਨੂੰ ਬਰੈਕਟ ਵਿੱਚ ਦਿੱਤੀਆਂ ਹਦਾਇਤਾਂ ਅਨੁਸਾਰ ਬਦਲੋ : $1 \times 4 = 4$

(ੳ) ਮੈਨੂੰ ਪਾਣੀ ਦਾ ਗਿਲਾਸ ਦਿਓ (ਪ੍ਰਸ਼ਨ ਵਾਚਕ ਵਾਕ ਬਣਾਓ)

(ਅ) ਕਿਹੜੀ ਮਾਂ ਨੂੰ ਆਪਣੀ ਔਲਾਦ ਨਾਲ ਮੋਹ ਨਹੀਂ ਹੁੰਦਾ (ਸਾਧਾਰਨ ਵਾਕ ਬਣਾਓ)

(ੲ) ਮੇਰੀ ਇੱਛਾ ਹੈ ਮੈਂ ਸਿਖਿਆ ਮੰਤਰੀ ਹੁੰਦਾ (ਵਿਸਮਿਕ ਵਾਕ ਬਣਾਓ)

(ਸ) ਰਮੇਸ਼ ਹਮੇਸ਼ਾ ਝੂਠ ਬੋਲਦਾ ਹੈ (ਨਾਂਹ-ਵਾਚਕ ਵਾਕ ਬਣਾਓ)



Downloaded from cclchapter.com

**3.** ਹੇਠ ਲਿਖੇ ਵਿਸ਼ਿਆਂ ਵਿਚੋਂ ਕਿਸੇ ***ਇਕ*** ਵਿਸ਼ੇ ਤੇ ਲਗਭਗ 250 ਸ਼ਬਦਾਂ ਦਾ ਇੱਕ ਲੇਖ ਲਿਖੋ : 10

(ੳ) ਸ਼੍ਰੀ ਗੁਰੂ ਨਾਨਕ ਦੇਵ ਜੀ

(ਅ) ਅੱਖੀਂ ਡਿੱਠਾ ਮੇਲਾ

(ੲ) ਅਜੋਕੇ ਸਮਾਜ ਵਿੱਚ ਇਸਤਰੀ ਦਾ ਸਥਾਨ

(ਸ) ਖੇਡਾਂ ਦਾ ਮੱਹਤਵ

**4.** ਆਪਣੇ ਸਕੂਲ ਕੇ ਮੁੱਖ ਅਧਿਆਪਕ ਨੂੰ ਫੀਸ ਮੁਆਫੀ ਦਾ ਬਿਨੈ-ਪੱਤਰ ਲਿਖੋ।

**ਜਾਂ**

ਆਪਣੇ ਮਾਤਾ-ਪਿਤਾ ਨੂੰ ਚਿੱਠੀ ਲਿਖੋ ਜਿਸ ਵਿਚ ਇਹ ਦਸੋ ਕਿ ਦਸਵੀਂ ਪਾਸ ਕਰਨ ਉਪਰੰਤ ਤੁਸੀਂ ਕੀ ਕਰਨਾ ਚਾਹੁੰਦੇ ਹੋ? 6

**5.** ਇਕ ਵਿਦਵਾਨ ਦਾ ਵਿਚਾਰ ਹੈ ਕੋਈ ਕੌਮ ਉਹੋ ਜਿਹੀ ਹੀ ਹੋਵੇਗੀ ਜਿਹੋਂ ਜਿਹੀ ਉਸਨੂੰ ਉਸਦੇ ਨੌਜਵਾਨ ਬਣਾਉਣਗੇ। ਅੱਜ ਦੇ ਨੌਜਵਾਨ ਜਿਨ੍ਹਾਂ ਰੁੱਚੀਆਂ ਤੇ ਆਦਤਾਂ ਨੂੰ ਅਪਣਾਉਣਗੇ, ਆਂਉਂਦੇ ਕੁਝ ਸਾਲਾਂ ਵਿਚ ਸੁੱਮੁਚੀ ਕੌਮ ਵਿੱਚੋਂ ਉਹਨਾਂ ਦੀ ਝਲਕ ਦਿਖਾਈ ਦੇਵੇਗੀ; ਇਸ ਕਰਕੇ ਇਹ ਕਹਿਣਾ ਗਲਤ ਨਹੀਂ ਕਿ ਇਕ ਚੰਗੀ ਕੌਮ ਦੀ ਉਸਾਰੀਂ ਤਦ ਤਕ ਹੀ ਸੰਭਵ ਹੈ, ਜੇਕਰ ਉਸਦੇ ਪੜ੍ਹੇ-ਲਿਖੇ ਨੌਜਵਾਨ ਸਮਾਜ ਕਲਿਆਣ ਦੀ ਭਾਵਨਾ ਨਾਲ ਭਰੇ ਹੋਏ ਹੋਣ !



Downloaded from cclchapter.com

ਜੇਕਰ ਨੌਜਵਾਨਾਂ ਵਿੱਚ ਇਹ ਰੁਚੀ ਨਹੀ ਹੋਵੇਗੀ ਤਾਂ ਦੇਸ਼ ਦਾ ਭਵਿੱਖ ਬੜਾ ਹਨੇਰੇ ਭਰਿਆ ਹੋਵੇਗਾ।

ਉਪਰੋਕਤ ਪੈਰ੍ਹੇ ਨੂੰ ਪੜ੍ਹ ਕੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ : $4 \times 2 = 8$

(ੳ) ਕਿਸੇ ਕੌਮ ਨੂੰ ਚੰਗਾ ਬਣਾਉਣ ਲਈ ਕਿਸਦਾ ਯੋਗਦਾਨ ਹੈ?

(ਅ) ਚੰਗੀ ਕੌਮ ਦੀ ਉਸਾਰੀ ਕਦੋਂ ਸੰਭਵ ਹੈ?

(ੲ) ਦੇਸ਼ ਦਾ ਭਵਿੱਖ ਕਦੋਂ ਹਨੇਰੇ ਭਰਿਆ ਹੋਵੇਗਾ?

(ਸ) ਪੈਰ੍ਹੇ ਦਾ ਢੁਕਵਾਂ ਸਿਰਲੇਖ ਲਿਖੋ।

**ਭਾਗ – (ਅ)**

**6.** (ੳ) ਹੇਠ ਲਿਖੇ ਕਾਵਿ-ਟੋਟਿਆਂ ਵਿਚੋਂ ਕਿਸੇ ***ਇੱਕ*** ਦੀ ਪ੍ਰਸੰਗ ਸਹਿਤ ਵਿਆਖਿਆ ਕਰੋ : 5

(i) ਫਰੀਦਾ ਗਲੀਏ ਚਿਕੜੁ ਦੂਰਿ ਘਰੁ ਨਾਲਿ ਪਿਆਰੇ ਨੇਹੁ।।
ਚਲਾ ਤ ਭਿਜੈ ਕੰਬਲੀ ਰਹਾਂ ਤੁ ਤੂਟੈ ਨੇਹੁ।।

(ii) ਅਮਨ ਦਾ ਇਹ ਅਹਿਦਨਾਮਾ, ਆਓ ਦੁਨੀਆਂ ਵਾਲਿਓ ਦਸਖ਼ਤ ਕਰੋ !
ਕਾਗਜ ਹੈ ਇਹ ਤਕਦੀਰ ਦਾ, ਤੇ ਕਲਮ ਹੈ ਤਦਬੀਰ ਦੀ
ਅੱਜ ਕਲਮ ਦੇ ਵਿਚ ਅਮਲ ਦੀ ਸਿਆਹੀ ਭਰੋ ! ਦਸਖ਼ਤ ਕਰੋ।



Downloaded from cclchapter.com

(ਅ) 'ਔਰਤ ਦੀ ਹੱਕ-ਤਲਫ਼ੀ' ਕਵਿਤਾ ਵਿਚ ਜਨਮਦਾਤੀ ਮਾਂ ਪ੍ਰਤੀ ਕਵੀ ਦੀ ਕੀ ਭਾਵਨਾ ਹੈ? 2

(ੲ) 'ਬਾਬਰਵਾਣੀ ਫਿਰਿ ਗਈ' ਕਵਿਤਾ ਵਿਚ ਔਰਤਾਂ ਦੇ ਕਿਹੜੇ ਗੁਣ ਹੀ ਦੋਸ਼ ਬਣ ਗਏ? 2

(ਸ) ਨਾਦਰਸ਼ਾਹ ਨੇ ਮਰੀ ਪਈ ਬੁੱਢੀ ਨੂੰ ਵੇਖ ਕੇ ਕੀ ਕੀਤਾ? 2

(ਹ) 'ਸਤਿਗੁਰ ਨਾਨਕ ਪ੍ਰਗਟਿਆਂ' ਰਚਨਾ ਕਿਸ ਕਵੀ ਦੀ ਹੈ? 1

(ਕ) ਸਾਹਿਤ ਦੀਪਿਕਾ ਪੁਸਤਕ ਵਿਚੋਂ ਦਰਜ ਬੁੱਲ੍ਹੇ ਸ਼ਾਹ ਦੀ ਕਾਫ਼ੀ ਦਾ ਨਾਂ ਲਿਖੋ। 1

(ਖ) 'ਮਾਂ ਦਾ ਦਿਲ' ਕਵਿਤਾ ਵਿਚ ਸੁੰਦਰੀ ਨੇ ਨੌਜਵਾਨ ਤੋਂ ਕੀ ਮੰਗ ਕੀਤੀ? 1

**7.** (ੳ) 'ਟੁੱਟੀ-ਭੱਜੀ ਨੌਕਰੀ' ਲੇਖ ਵਿਚ ਲੇਖਕ ਨੂੰ ਸਰਕਾਰੀ ਨੌਕਰੀ ਕਿਉਂ ਪਸੰਦ ਨਹੀ? 3

(ਅ) 'ਅਗਲੇ-ਜ਼ਮਾਨੇ' ਲੇਖ ਵਿਚ ਲੇਖਕ ਨੇ ਸਮਾਜਕ-ਨਾ-ਬਰਾਬਰੀ ਖਤਮ ਕਰਨ ਲਈ ਕੀ ਯਤਨ ਕੀਤੇ? 2

(ੲ) ਗ਼ੁਲਾਮ ਮੁਹੰਮਦ ਨੂੰ ਮਿਲਕੇ ਲੇਖਕ ਕਿਵੇਂ ਮਹਿਸੂਸ ਕਰਦਾ ਹੈ? 2



Downloaded from cclchapter.com

(ਸ) ਵਣਜਾਰਾ ਬੇਦੀ ਦੇ ਲੇਖ ਦਾ ਨਾਂ ਲਿਖੋ। 1

(ਹ) ਗ਼ੁਲਾਮ ਮੁਹੰਮਦ ਦੇ ਲੜਕੇ ਦਾ ਕੀ ਨਾਂ ਸੀ ? 1

(ਕ) 'ਅਗਲੇ ਜ਼ਮਾਨੇ' ਲੇਖ ਵਿਚ ਲੇਖਕ ਅਨੁਸਾਰ ਗੁਰਦਵਾਰਾ ਬਿਲ ਕਦੋਂ ਪਾਸ ਹੋਇਆ ? 1

**8.** (ੳ) 'ਮੁਖ਼ਤਿਆਰ ਸਿੰਘ' ਅਸਲ-ਵਿਚ ਕਿਹੜੀ ਗਸ਼ਤ ਉੱਤੇ ਨਿਕਲਦਾ ਹੈ ? 3

(ਅ) 'ਕਸਤੂਰੀ ਵਾਲਾ ਮਿਰਗ' ਤੋਂ ਕੀ ਭਾਵ ਹੈ ? 2

(ੲ) ਸਰਦਾਰ ਉੱਤਮ ਸਿੰਘ ਸੰਧੂ ਦਾ ਸੁਭਾਅ ਆਪਣੇ ਸ਼ਬਦਾਂ ਵਿੱਚ ਲਿਖੋ ? 2

(ਸ) 'ਗਸ਼ਤ' ਕਹਾਣੀ ਦੇ ਕਹਾਣੀਕਾਰ ਦਾ ਨਾਂ ਲਿਖੋ। 1

**9.** (ੳ) ਦਸੌਂਧਾ ਸਿੰਘ ਕਿਸ-ਕਿਸ ਕੋਲ ਪੈਸੇ ਲਈ ਗਿਆ ਅਤੇ ਉਸਨੂੰ ਕੀ-ਕੀ ਜਵਾਬ ਮਿਲਿਆ ? 5

(ਅ) 'ਕੋਊ ਨ ਨਿਬਹਿਓ ਸਾਥਿ' ਦਾ ਕੀ ਭਾਵ ਹੈ ? 2

(ੲ) ਮਹਿੰਦਰ ਕੌਰ ਦਸੌਂਧਾ ਸਿੰਘ ਦੀ ਕੀ ਲਗਦੀ ਹੈ ? 1



Downloaded from cclchapter.com

**10.** (ੳ) ਪੰਜਾਬੀ ਕਿਸਾਨ ਕੈਨੇਡਾ ਕਿਉਂ ਜਾਣਾ ਚਾਹੁੰਦੇ ਸਨ ? 3

(ਅ) ਗੁਰੂ ਤੇਗ ਬਹਾਦੁਰ ਜੀ ਨੇ ਆਨੰਦਪੁਰ ਨਗਰ ਕਿਉਂ ਅਤੇ ਕਿਥੇ ਵਸਾਇਆ ? 2

(ੲ) ਲੱਖੀ ਸ਼ਾਹ ਵਣਜਾਰੇ ਨੇ ਗੁਰੂ ਜੀ ਦੇ ਧੜ ਦਾ ਸਸਕਾਰ ਕਿਵੇਂ ਕੀਤਾ ? 2

(ਸ) ਅਸ਼ੋਕ ਸ਼ਰਮਾ ਦਾ ਲਿਖਿਆ ਲੇਖ ਕਿਹੜਾ ਹੈ ? 1



Downloaded from cclchapter.com